ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸ.ਅ.ਸ.ਨਗਰ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ਼-8 ਸ.ਅ.ਸ. ਨਗਰ
(ਪ੍ਰੋਮੋਸ਼ਨ ਸੈਲ)

**ਦਫਤਰੀ ਕਾਰਜ ਲਈ ਨੋਟਿਸ**

ਮਿਤੀ 07/08/2026

1.0 ਵਿਭਾਗ ਵੱਲੋਂ ਮਿਤੀ 27.08.2025 ਅਤੇ 15.09.2025 ਨੂੰ ਮਾਸਟਰ/ਮਿਸਟ੍ਰੈਸ ਕਾਡਰ ਤੋਂ **ਸੈਂਟਰ ਹੈਡ ਮਾਸਟਰ ਕਾਡਰ** ਅਤੇ **ਬੀ.ਪੀ.ਈ.ਓ ਤੋਂ ਹੈਡਮਾਸਟਰ ਕਾਡਰ** ਵਿੱਚ ਪਦ-ਉੱਨਤੀ ਕਰਨ ਸਬੰਧੀ ਕੇਸ ਮੰਗੇ ਗਏ ਸਨ, ਪਰੰਤੂ ਤਕਨੀਕੀ ਕਾਰਣਾ ਕਰਕੇ ਮਿਤੀ 27.08.2025 ਅਤੇ 15.09.2025 ਦਾ ਨੋਟਿਸ ਖਾਰਜ ਕੀਤਾ ਜਾਂਦਾ ਹੈ।

2.0 ਮਿਤੀ 30.06.2026 ਤੱਕ ਜੋ **ਬੀ.ਪੀ.ਈ.ਓ ਅਧਿਕਾਰੀ (ਕੰਮ ਕਰ ਰਹੇ)** ਆਪਣੀ ਪਾਤਰਤਾ ਪੂਰੀ ਕਰਦੇ ਹੋਣ ਉਹ ਹੇਠ ਲਿਖੇ ਸੀਨੀਅਰਤਾ ਅਨੁਸਾਰ ਆਪਣਾ ਪਦ-ਉੱਨਤੀ ਦਾ ਕੇਸ ਆਪਣੇ ਸਬੰਧਤ ਜਿਲ੍ਹੇ ਦੇ **ਜਿਲ੍ਹਾ ਸਿੱਖਿਆ ਅਫਸਰ (ਐ.ਸਿ.)** ਨੂੰ ਮਿਤੀ 17.08.2026 ਤੱਕ ਭੇਜਣਾ ਯਕੀਨੀ ਬਣਾਉਣਗੇ, ਅਤੇ ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ ਹਰੇਕ ਰੂਪ ਵਿੱਚ ਮੁਕੰਮਲ ਕੇਸ ਸਮੇਤ ਸੂਚੀਆਂ ਮਿਤੀ 19/08/2026 ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਉਂਦੇ ਹੋਏ ਇਹ ਤਸਦੀਕ ਕਰਨਗੇ ਕਿ ਉਨ੍ਹਾਂ ਦੇ ਜਿਲ੍ਹੇ ਦਾ ਕੋਈ ਵੀ ਕੰਮ ਕਰ ਰਿਹਾ ਕਰਮਚਾਰੀ ਦਾ ਕੇਸ ਪਦਉਨਤੀ ਲਈ ਪੈਂਡਿੰਗ ਨਹੀ ਹੈ।

| ਲੜੀ ਨੰ | ਕੈਟਾਗਿਰੀ | ਸੀਨੀਆਰਤਾ ਨੰ | ਵਿਸੇਸ ਕਥਨ |
|---|---|---|---|
| 1 | ਜਨਰਲ | 1 ਤੋ 114 | ਕੇਵਲ ਕੰਮ ਕਰਦੇ ਕਰਮਚਾਰੀ ਹੀ ਆਪਣਾ ਕੇਸ ਜਮਾਂ ਕਰਵਾਉਣਗੇ । |
| 2 | ਅ.ਜ | 1 ਤੋ 114 | |
| 3 | ਹੈਡੀਕੇਪਡ | 1 ਤੋ 114 | |

4.0 ਕਰਮਚਾਰੀ ਨਾਲ ਨੱਥੀ ਪ੍ਰੋਫਾਰਮਾ (ਅਨੁਲੱਗ ੳ ਅਤੇ ਅ) ਭਰਕੇ, ਸਿਰਫ ਅਨੁਲੱਗ ੳ ਸਬੰਧਤ ਜਿਲਾ ਸਿਖਿਆ ਅਫਸਰ (ਐਸਿ)ਤੋਂ ਤਸਦੀਕ ਕਰਵਾਉਣਾ ਯਕੀਨੀ ਬਣਾਉਣਗੇ ਅਤੇ ਪ੍ਰੋਫਾਰਮੇ ਵਿੱਚ ਦਰਜ਼ ਕੀਤੇ ਵੇਰਵਿਆਂ ਸਬੰਧੀ ਸਰਟੀਫਿਕੇਟਾਂ ਦੀਆਂ ਤਸਦੀਕ ਸੁਦਾ ਫੋਟੋਕਾਪੀਆਂ ਨਾਲ ਨੱਥੀ ਕਰਨਗੇ ।

| ਲੜੀ ਨੰ | ਦਸਤਾਵੇਜ ਦੀ ਸੂਚੀ |
|---|---|
| 1 | 2. ਅਨੁਲੱਗ ੳ ਅਤੇ ਅ |
| 2 | ਬੀ ਪੀ ਈ ਓ ਨਿਯੁਕਤੀ/ ਪ੍ਰਮੋਸਨ ਹੁਕਮਾਂ ਦੀ ਕਾਪੀ |
| 3 | ਜੇਕਰ ਸੇਵਾ ਵਿੱਚ ਆਉਣ ਉਪਰੰਤ ਗ੍ਰੈਜੂਏਸਨ /ਬੀ ਐਡ ਡਿਗਰੀ ਹਾਸਲ ਕੀਤੀ ਹੈ, ਤਾਂ ਮੰਨਜੂਰੀ ਪੱਤਰ ਦੀ ਕਾਪੀ |
| 4 | ਬੀ.ਐਡ ਡੀ.ਐਮ.ਸੀ ਦੀ ਕਾਪੀ |
| 5 | ਬੀ.ਐਡ ਡਿਗਰੀ ਦੀ ਕਾਪੀ |
| 6 | ਐਸ.ਸੀ ਕੈਟਾਗਿਰੀ ਸਰਟੀਫਿਕੇਟ, ਜੇਕਰ ਲਾਗੂ ਹੋਵੇ। |
| 7 | Disability ਸਰਟੀਫਿਕੇਟ only for Differently Abled |
| 8 | ਸਾਲ 2021-2022 ਤੋਂ ਪੰਜ ਸਾਲਾਂ ਏ.ਸੀ.ਆਰਜ਼ ਦੀ ਕਾਪੀ |
| 9 | ਪਰਖ ਕਾਲ ਸਮਾਂ ਮੁਕੰਮਲ ਕਰਨ ਸਬੰਧੀ ਪੱਤਰ ਦੀ ਕਾਪੀ |

5.0 ਜਿਨ੍ਹਾਂ ਬੀ.ਪੀ.ਈ.ਓ ਅਧਿਕਾਰੀ ਦੇ ਲੋੜੀਂਦੇ ਵੇਰਵੇ ਹਰ ਪੱਖੋਂ ਮੁਕੰਮਲ ਹੋਣਗੇ ਕੇਵਲ ਉਨ੍ਹਾਂ ਵਿੱਚੋਂ ਬਤੌਰ ਹੈਡਮਾਸਟਰ ਕਾਡਰ ਦੀ ਪਦ-ਉੱਨਤੀ ਲਈ ਵਿਚਾਰਿਆ ਜਾਵੇਗਾ।

6.0 ਸਬੰਧਤ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਜੀ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ, ਇਸ ਕਮੇਟੀ ਅਧੀਨ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਚੇਅਰਮੈਨ, ਅਤੇ ਉਪ ਜਿਲ੍ਹਾ ਸਿੱਖਿਆ

Scanned with OKEN Scanner

F

ਅਫਸਰ, ਜਿਲ੍ਹੇ ਦੇ ਸੁਪਰਡੈਂਟ, ਦੋ ਹੈਡਮਾਸਰ, ਲੀਗਲ ਸਹਾਇਕ ਅਤੇ ਸਬੰਧਤ ਡੀਲਿੰਗ ਸਹਾਇਕ / ਕਲਰਕ ਇਸ ਕਮੇਟੀ ਦੇ ਮੈਂਬਰ ਹੋਣਗੇ।

6.1 ਇਹ ਗਠਿਤ ਕਮੇਟੀ ਪਦਉਨਤੀ ਲਈ ਹਰ ਪੱਖੋਂ ਸਬੰਧਤ ਕਰਮਚਾਰੀ ਦੀ ਯੋਗਤਾ ਦੀ ਵਿਭਾਗੀ ਨਿਯਮਾਂ ਅਧੀਨ ਘੋਖ ਪੜਤਾਲ ਕਰਦੇ ਹੋਏ ਪੁਸ਼ਟੀ ਕਰੇਗੀ।

6.2 ਪੈਰਾ 6.1 ਦੀ ਲਗਾਤਾਰਤਾ ਵਿੱਚ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆਂ ਵੱਲੋਂ Civil Appeal No. 1385 of 2025 titled as Anjuman Ishat-E-Taleem Trust vs. State of Maharashtra and others ਵਿੱਚ ਦਿੱਤੇ ਗਏ ਫੈਸਲੇ ਮਿਤੀ 01.09.2025 ਮੁਤਾਬਿਕ ਕਰਮਚਾਰੀ ਅਧਿਆਪਕ ਯੋਗਤਾ ਟੈਸਟ (ਟੀ.ਈ.ਟੀ) ਪਾਸ ਹੈ ਜਾਂ ਨਹੀਂ ਸਬੰਧਤ ਪ੍ਰੋਫਾਰਮੇ ਵਿੱਚ ਸਥਿਤੀ ਪੇਸ਼ ਕਰਨਗੇ।

6.3 ਸਬੰਧਤ ਜਿਲ੍ਹੇ ਅਧੀਨ ਕੰਮ ਦੀ ਮਹੱਤਤਾ ਨੂੰ ਵੇਖਦੇ ਹੋਏ ਕਮੇਟੀ ਦੇ ਚੈਅਰਮੈਨ ਮੈਂਬਰਾਂ ਦੀ ਗਿਣਤੀ ਵਿੱਚ ਵਾਧਾ ਕਰ ਸਕਦੇ ਹਨ।

6.4 ਪਦਉਨਤੀ ਲਈ ਪਾਤਰਤਾ ਸੂਚੀਆਂ ਤਿਆਰ ਕਰਨ ਲਈ ਅਮਲੇ ਦੀ ਤੈਨਾਤੀ ਕਮੇਟੀ ਦੇ ਚੈਅਰਮੈਨ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਵੇਗੀ।

7.0 ਜਿਹੜੇ ਜਿਲ੍ਹੇ ਦੇ ਅਧਿਕਾਰੀ ਡੈਪੂਟੇਸ਼ਨ ਤੇ ਯੂ.ਟੀ ਵਿੱਚ ਕੰਮ ਕਰ ਰਹੇ ਹਨ ਉਨ੍ਹਾਂ ਅਧਿਕਾਰੀਆਂ ਨੂੰ ਸੂਚਿਤ ਕਰਨਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਦੀ ਜਿੰਮੇਵਾਰੀ ਹੋਵੇਗੀ।

8.0 ਤਰੱਕੀ ਲਈ ਪਾਤਰਤਾ ਦੀ ਹਦਾਇਤਾਂ ਅਨੁਸਾਰ ਸਬੰਧਤ ਅਧਿਕਾਰੀ ਦੀ ਸਾਲ 2020-21 ਤੋਂ ਪੰਜ ਸਾਲਾਂ ਦੀ ਏ.ਸੀ.ਆਰਜ ਵਾਚੀਆਂ ਜਾਣੀਆਂ ਹਨ। ਜੇਕਰ ਕਿਸੇ ਅਧਿਕਾਰੀ ਦੀ ਪਿੱਛਲੇ ਪੰਜ ਸਾਲਾਂ ਦੀਆਂ ਏ.ਸੀ.ਆਰਜ਼ ਵਿੱਚੋਂ ਕਿਸੇ ਵੀ ਸਾਲ/ਸਾਲਾਂ ਦੀ ਏ.ਸੀ.ਆਰ ਉਪਲਬੱਧ ਨਹੀਂ ਹਨ ਤਾਂ ਉਸ ਸਾਲ ਦਾ NRC ਅਤੇ ਪਹਿਲਾਂ ਦੇ ਸਾਲਾਂ ਦੀ ਏ.ਸੀ.ਆਰਜ ਦੇ ਵੇਰਵੇ/ਦਰਜ਼ਾਬੰਦੀ ਦਰਜ਼ ਕਰਵਾਉਣਗੇ ।

9.0 ਜੋ ਬੀ.ਪੀ.ਈ.ਓ ਅਧਿਕਾਰੀ ਐਸ.ਸੀ ਕੈਟਾਗਿਰੀ ਅਤੇ Differently Abled ਕੈਟਾਗਿਰੀ ਨਾਲ ਸਬੰਧਤ ਹੈ, ਉਹ ਅਧਿਕਾਰੀ ਸਮਰਥ ਅਧਿਕਾਰੀ ਵੱਲੋਂ ਜਾਰੀ ਐਸ.ਸੀ /Disability ਸਰਟੀਫਿਕੇਟ for Differently Abled ਨਾਲ ਅਟੈਚ ਕਰਨਗੇ ।

10.0 ਹੈਂਡੀਕੈਪਡ ਕੈਟਾਗਿਰੀ ਤੋਂ ਇਲਾਵਾ ਜੇਕਰ ਕੋਈ ਅਧਿਕਾਰੀ ਕਿਸੇ ਵੀ ਤਰ੍ਹਾਂ ਦੇ ਵਾਧੇ ਤੇ ਹਨ, ਉਨ੍ਹਾਂ ਨੂੰ ਪਦ-ਉਨੱਤੀ ਲਈ ਵਿਚਾਰਿਆ ਨਹੀਂ ਜਾਵੇਗਾ।

11.0 ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ ਸਕਰੂਟਨੀ ਤੇ ਹਾਜਰ ਹੋਣਾ ਦਫਤਰੀ ਕੰਮਕਾਜ ਦਾ ਹਿੱਸਾ ਹੈ। ਇਹ ਪਦਉੱਨਤੀ ਦਾ ਕੋਈ ਅਧਾਰ ਨਹੀ ਹੋਵੇਗਾ।

12.0 ਨਿਰਧਾਰਤ ਮਿਤੀ ਤੋਂ ਬਾਅਦ ਕਿਸੇ ਵੀ ਅਧਿਕਾਰੀ ਦਾ ਕੇਸ ਨਹੀਂ ਲਿਆ ਜਾਵੇਗਾ।

13.0 ਸਬੰਧਤ ਜਿਲ੍ਹਾ ਸਿੱਖਿਆ ਅਫਸਰ ੲ, ਪ੍ਰੋਫਾਰਮੇ ਦੀ ਸਾਫਟ ਕਾਪੀ (Excel file)ਅਤੇ 2ਪਰਤਾਂ ਵਿੱਚ ਹਾਰਡ ਕਾਪੀ ਵੀ ਭੇਜਣੀ ਯਕੀਨੀ ਬਣਾਉਣਗੇ ਅਤੇ ਪ੍ਰੋਫਾਰਮਾ ਕੇਵਲ Time New Roman ਫੌਂਟ Size 11 ਵਿੱਚ ਭਰਿਆ ਜਾਵੇ।

14.0 ਕਿਸੇ ਵੀ ਅਧਿਕਾਰੀ ਵਲੋਂ ਸਿੱਧੇ ਤੌਰ ਜਾਂ ਈਮੇਲ ਰਾਹੀ ਭੇਜੇ ਕੇਸ ਨਹੀਂ ਵਿਚਾਰੇ ਜਾਣਗੇ।

15.0 ਕੇਸ ਦੇ ਸਹੀ, ਦਰੁਸਤ ਅਤੇ ਮੁਕੰਮਲ ਹੋਣ ਦੀ ਜਿੰਮੇਵਾਰੀ ਸਬੰਧਤ ਜਿਲਾ ਸਿੱਖਿਆ ਅਫਸਰ ਦੀ ਹੋਵੇਗੀ।

16.0 ਜੇਕਰ ਕਿਸੇ ਕਰਮਚਾਰੀ ਦਾ ਲੈਫਟ ਆਊਟ ਕੇਸ ਬਣਦਾ ਹੈ ਤਾਂ ਉਹ ਵੀ ਆਪਣਾ ਕੇਸ ਸਬੰਧਤ ਜਿਲਾ ਸਿਖਿਆ ਅਫਸਰ ਪਾਸ ਉਕਤ ਸਰਤਾਂ ਅਧੀਨ ਜਮਾਂ ਕਰਵਾ ਸਕਦਾ ਹੈ ।

11.8.26

ਮਿਤੀ: 11.08.2026

ਸਹਾਇਕ ਡਾਇਰੈਕਟਰ (ਪ੍ਰਮੋਸ਼ਨ ਸੈਲ)

Scanned with OKEN Scanner